ਡੂੰਨੋ ਦੇ ਦਲੇਰੀ ਭਰੇ ਕਾਰਨਾਮੇ

ਨਿਕੋਲਾਈ ਨੋਸੋਵ



ਦੇ
ਫੁੱਲਾਂ ਵਾਲੇ ਸ਼ਹਿਰ ਦੇ
mites

01



RADUGA PUBLISHERS



ਡੂੰਨੋ ਦੇ ਦਲੇਰੀ ਭਰੇ ਕਾਰਨਾਮੇ

ਨਿਕੋਲਾਈ ਨੋਸੋਵ

01

ਦੇ

ਫੁੱਲਾਂ ਵਾਲੇ ਸ਼ਹਿਰ ਦੇ mites

ਚਿੱਤਰਕਾਰੀ: ਬੋਰਿਸ ਕਲਾਉਸ਼ਿਨ **ਪੰਜਾਬੀ**

ਅਨੁਵਾਦ: ਰਮਨ ਮਲਹੋਤਰਾ



RADUGA PUBLISHERS
MOSCOW





ਇੱਕ ਵਾਰ ਦੀ ਗੱਲ ਹੈ, ਪਰੀ-ਦੇਸ਼ ਦੇ ਇੱਕ ਕਸਬੇ ਵਿੱਚ, ਕੁਝ ਲੋਕ ਰਹਿੰਦੇ ਸਨ , ਜਿਹਨਾਂ ਨੂੰ ਮਾਈਟਸ ਕਿਹਾ ਜਾਂਦਾ ਸੀ ਕਿਉਂਕਿ ਉਹ ਬਹੁਤ ਛੋਟੇ ਸਨ। ਉਹਨਾਂ ਵਿੱਚੋਂ ਸਭ ਤੋਂ ਵੱਡਾ ਵੀ ਕਿਸੇ ਪਾਈਨ ਦਰੱਖਤ ਦੀ ਕੋਨ ਤੋਂ ਵੱਡਾ ਨਹੀਂ ਸੀ।

ਉਨ੍ਹਾਂ ਦਾ ਕਸਬਾ ਬਹੁਤ ਸੁੰਦਰ ਸੀ। ਹਰ ਘਰ ਦੇ ਆਲੇ-ਦੁਆਲੇ ਡੇਜ਼ੀ, ਡੈਂਡੇਲੀਅਨ ਅਤੇ ਹਨੀਸਕਲ ਦੇ ਫੁੱਲ ਉੱਗਦੇ ਸਨ, ਅਤੇ ਗਲੀਆਂ ਦੇ ਨਾਮ ਵੀ ਫੁੱਲਾਂ ਦੇ ਨਾਮ 'ਤੇ ਰੱਖੇ ਗਏ ਸਨ , ਜਿਵੇਂ ਬਲੂ-ਬੈਲ ਸਟਰੀਟ, ਡੇਜ਼ੀ ਲੇਨ ਅਤੇ ਪ੍ਰਾਈਮਰੋਜ਼ ਐਵੇਨਿਊ। ਇਸੇ ਕਰਕੇ ਇਸ ਕਸਬੇ ਨੂੰ ਫੁੱਲਾਂ ਦਾ ਕਸਬਾ ਕਿਹਾ ਜਾਂਦਾ ਸੀ। ਇਹ ਇੱਕ ਛੋਟੀ ਜਿਹੀ ਨਦੀ ਦੇ ਕੰਢੇ 'ਤੇ ਖੜ੍ਹਾ ਸੀ। ਮਾਈਟਸ ਇਸਨੂੰ ਖੀਰਾ ਨਦੀ ਕਹਿੰਦੇ ਸਨ ਕਿਉਂਕਿ ਇਸਦੇ ਕੰਢੇ ਬਹੁਤ ਸਾਰੇ ਖੀਰੇ ਉੱਗਦੇ ਸਨ।

ਛੋਟੀ ਨਦੀ ਦੇ ਦੂਜੇ ਕੰਢੇ ਇੱਕ ਜੰਗਲ ਸੀ। ਮਾਈਟਸ ਬਰਚ ਦੇ ਪੇੜ ਦੀ ਲੱਕੜ ਤੋਂ ਕਿਸ਼ਤੀਆਂ ਬਣਾਉਂਦੇ ਸਨ ਅਤੇ , ਜਦੋਂ ਵੀ ਉਹਨਾ ਨੇ ਜੰਗਲ ਵਿੱਚੋਂ ਗਿਰੀਆਂ, ਬੇਰ ਅਤੇ ਖੁੰਬ (ਮਸ਼ਰੂਮ) ਇਕੱਠੇ ਕਰਨੇ ਹੁੰਦੇ ਸੀ, ਉਹਨਾਂ ਕਿਸ਼ਤੀਆਂ ਵਿੱਚ, ਛੋਟੀ ਨਦੀ ਪਾਰ ਕਰ ਕੇ, ਜੰਗਲ ਵਿੱਚ ਜਾਂਦੇ ਸਨ। ਮਾਈਟਸ ਲਈ,ਬਹੁਤ ਛੋਟੇ ਹੋਣ ਕਾਰਣ ,ਬੇਰੀਆਂ ਚੁੱਕਣਾ ਬਹੁਤ ਔਖਾ ਸੀ ।



ਜਦੋਂ ਉਹ ਗਿਰੀਆਂ ਤੋੜਦੇ ਸਨ ਤਾਂ ਉਨ੍ਹਾਂ ਨੂੰ ਝਾੜੀਆਂ 'ਤੇ ਚੜ੍ਹਨਾ ਪੈਂਦਾ ਸੀ ਅਤੇ ਆਪਣੇ ਨਾਲ ਆਰੀ ਰੱਖਣੀ ਪੈਂਦੀ ਸੀ ਤਾਂ ਜੋ ਉਹ ਤਣੇ ਕਟ ਸੱਕਣ, ਪਰ ਫਿਰ ਉਹ ਮਾਈਟ ਅੱਪਣੇ ਹੱਥਾਂ ਨਾਲ ਗਿਰੀਆਂ ਨਹੀਂ ਤੋੜ ਸਕਦੇ ਸਨ।

ਉਹ ਖੁੰਬਾਂ ਨੂੰ ਆਰੀ ਨਾਲ ਕੱਟ ਕੇ, ਉਹਨਾਂ ਨੂੰ ਨੀਚੇ ਜ਼ਮੀਨ 'ਤੇ ਹੀ ਸੁੱਟਦੇ ਸਨ, ਫਿਰ ਉਹਨਾਂ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਕੱਟਦੇ ਸਨ ਅਤੇ ਉਹਨਾਂ ਨੂੰ ਆਪਣੇ ਮੋਢਿਆਂ 'ਤੇ ਲੱਕੜ ਦੇ ਟੁਕੜਿਆਂ ਵਾਂਗ ਘਰਾਂ ਨੂੰ ਲੈ ਜਾਂਦੇ ਸਨ।

ਮਾਈਟ ਦੋ ਤਰ੍ਹਾਂ ਦੇ ਸਨ - ਮੁੰਡੇ-ਮਾਈਟ ਅਤੇ ਕੁੜੀ-ਮਾਈਟ। ਮੁੰਡੇ-ਮਾਈਟ ਲੰਬੀਆਂ ਪੈਂਟਾਂ ਪਾਉਂਦੇ ਸਨ ਜਾਂ ਫੇਰ ਛੋਟੀਆਂ ਬ੍ਰੀਚਾਂ (ਇੱਕ ਤਰ੍ਹਾਂ ਦੀਆਂ ਛੋਟੀਆਂ ਪੈਂਟਾਂ) ਪਹਿਨਦੇ ਸਨ ਜੋ ਨਾਲੇਆਂ ਨਾਲ ਬੰਨ੍ਹੀਆਂ ਹੁੰਦੀਆਂ ਸਨ, ਅਤੇ ਕੁੜੀ-ਮਾਈਟਾਂ ਹਰ ਤਰ੍ਹਾਂ ਦੇ ਚਮਕੀਲੇ ਸਮਾਨ ਤੋਂ ਬਣੇ ਕੱਪੜੇ ਪਹਿਨਦੀਆਂ ਸਨ। ਮੁੰਡੇ-ਮਾਈਟ ਆਪਣੇ ਵਾਲਾਂ ਨੂੰ ਕੰਘੀ ਕਰਨ ਦੀ ਖੇਚਲ ਨਹੀਂ ਕਰ ਸਕਦੇ ਸਨ, ਇਸ ਲਈ ਉਹ ਆਪਣੇ ਵਾਲਾਂ ਨੂੰ ਛੋਟਾ ਹੀ ਕੱਟਦੇ ਸਨ, ਪਰ ਕੁੜੀ-ਮਾਈਟ ਆਪਣੇ ਲੰਬੇ ਵਾਲ ਰੱਖਦੀਆਂ ਸਨ। ਉਹ ਇਸਨੂੰ ਹਰ ਤਰ੍ਹਾਂ ਦੇ ਸੁੰਦਰ ਤਰੀਕਿਆਂ ਨਾਲ ਕੰਘੀ ਕਰਨਾ ਪਸੰਦ ਕਰਦੀਆਂ ਸਨ। ਕੁਝ ਇਸਨੂੰ ਲੰਬੇ ਗੁੱਤਾਂ ਕਰਦੀਆਂ ਸਨ ਜਿਨ੍ਹਾਂ ਵਿੱਚ ਰਿਬਨ ਬੁਣੇ ਹੁੰਦੇ ਸਨ। ਕੁੱਝ ਉੱਪਰ ਬੋ ਕਲਿੱਪ ਲਗਾ ਕੇ ਉਹਨਾਂ ਨੂੰ ਆਪਣੇ ਮੋਢਿਆਂ ਤੇ ਖੁੱਲ੍ਹੇ ਰੱਖਦੀਆਂ ਸਨ।

ਮੁੰਡੇ-ਮਾਈਟਾਂ ਨੂੰ ਆਪਣੇ ਮੁੰਡੇ ਹੋਣ 'ਤੇ ਇੰਨਾ ਮਾਣ ਸੀ ਕਿ ਉਹਨਾਂ ਦਾ ਕੁੜੀ-ਮਾਈਟਾਂ ਦੀ ਕੋਈ ਪਰਵਾਹ ਨਹੀਂ ਸੀ।



ਅਤੇ ਕੁੜੀ-ਮਾਈਟਾਂ ਨੂੰ ਕੁੜੀਆਂ ਹੋਣ ਦਾ ਇੰਨਾ ਮਾਣ ਸੀ ਕਿ ਉਹ ਮੁੰਡੇ-ਮਾਈਟਾਂ ਨਾਲ ਦੋਸਤੀ ਨਹੀਂ ਕਰਦੀਆਂ ਸਨ। ਜੇ ਕੋਈ ਕੁੜੀ-ਮਾਈਟ ਕਿਸੇ ਮੁੰਡੇ-ਮਾਈਟ ਨੂੰ ਸੜਕ 'ਤੇ ਆਉਂਦੇ ਵੇਖ ਲੈਂਦੀ ਸੀ, ਤਾਂ ਉਹ ਸੜਕ ਦੇ ਦੂਜੇ ਪਾਸੇ ਚਲੀ ਜਾਂਦੀ ਸੀ। ਅਤੇ ਉਹ ਬਿਲਕੁਲ ਸਹੀ ਸੀ, ਕਿਉਂਕਿ ਕੁਝ ਮੁੰਡੇ-ਮਾਈਟ ਇੰਨੇ ਭੈੜੇ ਸਨ ਕਿ ਉਹ ਉਸਨੂੰ ਧੱਕਾ ਦਿੰਦੇ ਸਨ ਜਾਂ ਉਸਦੇ ਵਾਲ ਪੁੱਟਦੇ ਸਨ ਜਾਂ ਉਸਨੂੰ ਭਿਆਨਕ ਨਾਮ ਲੈ ਕੇ ਛੇੜਦੇ ਸਨ।

ਬੇਸ਼ੱਕ, ਉਹ ਸਾਰੇ ਇਸ ਤਰ੍ਹਾਂ ਦੇ ਨਹੀਂ ਸਨ, ਪਰ ਤੁਸੀਂ ਉਨ੍ਹਾਂ ਨੂੰ ਦੇਖ ਕੇ ਇਹ ਨਹੀਂ ਦੱਸ ਸਕਦੇ ਸੀ ਕਿ ਉਹ ਕਿਹੋ ਜਿਹੇ ਸਨ, ਅਤੇ ਇਸੇ ਲਈ ਕੁੜੀ-ਮਾਈਟਾਂ ਨੇ, ਸਾਵਧਾਨੀ ਵੱਜੋਂ, ਹਰ ਵਾਰ ਸੜਕ ਪਾਰ ਕਰਨ ਦਾ ਫੈਸਲਾ ਕੀਤਾ। ਕਈ ਵਾਰ ਤੁਸੀਂ ਇੱਕ ਮੁੰਡੇ-ਮਾਈਟ ਨੂੰ ਕੁੜੀ-ਮਾਈਟ ਨੂੰ "ਖੜ੍ਹ ਜਾ!" ਕਹਿੰਦੇ ਸੁਣ ਸਕਦੇ ਹੋ ਅਤੇ ਕੁੜੀ-ਮਾਈਟ ਜਵਾਬ ਵਿੱਚ "ਲੁੱਚਾ!" ਜਾਂ ਕੁਝ ਹੋਰ ਅਜਿਹਾ ਹੀ ਕਹਿ ਦਿੰਦੀ ਸੀ।ਸ਼ਾਇਦ ਤੁਸੀਂ ਇਸ 'ਤੇ ਯਕੀਨ ਨਹੀਂ ਕਰੋਗੇ। ਸ਼ਾਇਦ ਤੁਸੀਂ ਸੋਚਦੇ ਹੋ, ਕਿ, ਅਜਿਹੀਆਂ ਗੱਲਾਂ ਅਸਲ ਜ਼ਿੰਦਗੀ ਵਿੱਚ ਨਹੀਂ ਹੁੰਦੀਆਂ। ਖੈਰ, ਕੋਈ ਅਜਿਹਾ ਨਹੀਂ ਕਹਿੰਦਾ ਕਿ ਉਹ ਹੁੰਦੀਆਂ ਹਨ। ਅਸਲ ਜ਼ਿੰਦਗੀ ਇੱਕ ਚੀਜ਼ ਹੈ, ਅਤੇ ਪਰੀ-ਕਥਾ ਦੀ ਜ਼ਿੰਦਗੀ ਦੂਜੀ ਚੀਜ਼ ਹੈ। ਪਰੀ-ਕਥਾਵਾਂ ਵਿੱਚ ਤਾਂ ਕੁਝ ਵੀ ਹੋ ਸਕਦਾ ਹੈ।

ਬਲੂ-ਬੈੱਲ ਗਲੀ ਦੇ ਇੱਕ ਘਰ ਵਿੱਚ ਸੋਲਾਂ ਮੁੰਡੇ-ਮਾਈਟ ਰਹਿੰਦੇ ਸਨ। ਉਨ੍ਹਾਂ ਵਿੱਚੋਂ ਸਭ ਤੋਂ ਅਹਿਮ ਡੂਨੋ ਸੀ। ਉਸਦਾ ਨਾਮ ਡੂਨੋ ਇਸ ਲਈ ਰੱਖਿਆ ਗਿਆ ਸੀ ਕਿਉਂਕਿ ਉਹ ਸਭ ਕੁਝ ਜਾਣਦਾ ਸੀ, ਅਤੇ ਉਹ ਸਭ ਕੁਝ ਇਸਲਈ ਜਾਣਦਾ ਸੀ ਕਿਉਂਕਿ ਉਹ ਹਮੇਸ਼ਾ ਕਿਤਾਬਾਂ ਪੜ੍ਹਦਾ ਰਹਿੰਦਾ ਸੀ। ਉਸਦੇ ਬਿਸਤਰੇ 'ਤੇ ਕਿਤਾਬਾਂ ਸਨ ਅਤੇ ਬਿਸਤਰੇ ਦੇ ਹੇਠਾਂ ਵੀ ਕਿਤਾਬਾਂ ਸਨ।






ਤੁਹਾਨੂੰ ਉਸਦੇ ਕਮਰੇ ਵਿੱਚ ਅਜਿਹੀ ਕੋਈ ਜਗ੍ਹਾ ਨਹੀਂ ਮਿਲ ਸਕਦੀ ਜਿੱਥੇ ਕਿਤਾਬ ਨਾ ਹੋਵੇ।ਉਸਨੇ ਇਹਨਾਂ ਕਿਤਾਬਾਂ ਤੋਂ ਹਰ ਤਰ੍ਹਾਂ ਦੀਆਂ ਚੀਜ਼ਾਂ ਸਿੱਖੀਆਂ, ਇਸ ਲਈ ਹਰ ਕੋਈ ਉਸਦੀ ਪ੍ਰਸ਼ੰਸਾ ਕਰਦਾ ਸੀ ਅਤੇ ਜੋ ਵੀ ਉਹ ਕਹਿੰਦਾ ਸੀ ਉਹ ਕਰਦੇ ਵੀ ਸਨ। ਉਹ ਹਮੇਸ਼ਾ ਕਾਲੇ ਕੱਪੜੇ ਪਾਉਂਦਾ ਸੀ, ਅਤੇ ਜਦੋਂ ਉਹ ਆਪਣੀ ਲਿਖਣ ਵਾਲੀ ਮੇਜ਼ 'ਤੇ ਆਪਣੀਆਂ ਐਨਕਾਂ ਲਗਾ ਕੇ ਬੈਠਦਾ ਸੀ ਅਤੇ ਕਿਤਾਬ ਪੜ੍ਹਨਾ ਸ਼ੁਰੂ ਕਰਦਾ ਸੀ, ਤਾਂ ਉਹ ਇੱਕ ਪ੍ਰੋਫੈਸਰ ਵਾਂਗ ਸਾਰੀ ਦੁਨੀਆ ਨੂੰ ਵੇਖਦਾ ਸੀ।

ਇਸੇ ਘਰ ਵਿੱਚ ਡਾ. ਪਿਲਮੈਨ ਰਹਿੰਦਾ ਸੀ, ਜੋ ਉਦੋਂ ਮਾਈਟਾਂ ਦੀ ਦੇਖਭਾਲ ਕਰਦਾ ਸੀ, ਜਦੋਂ ਉਹ ਬਿਮਾਰ ਹੋ ਜਾਂਦੇ ਸਨ। ਉਹ ਹਮੇਸ਼ਾ ਇੱਕ ਚਿੱਟਾ ਕੋਟ ਅਤੇ ਇੱਕ ਚਿੱਟੀ ਟੋਪੀ ਪਹਿਨਦਾ ਸੀ ਜਿਸ 'ਤੇ ਇੱਕ ਫੁੰਦਣੀ ਲੱਗੀ ਹੁੰਦੀ ਸੀ। ਇੱਥੇ, ਮਸ਼ਹੂਰ ਮਿਸਤ੍ਰੀ ਬੇਂਡਮ ਅਤੇ ਉਸਦਾ ਸਹਾਇਕ ਟਵਿਸਟਮ ਵੀ ਰਹਿੰਦਾ ਸੀ। ਅਤੇ ਇੱਥੇ ਟ੍ਰੈਕਲੀ-ਸਵੀਟਰ ਰਹਿੰਦਾ ਸੀ, ਜਿਸਦੀ ਕਮਜ਼ੋਰੀ, ਇਹ ਹਰ ਕੋਈ ਜਾਣਦਾ ਸੀ, ਤੇਜ਼ ਮਿੱਠੇ ਵਾਲੇ ਸ਼ਰਬਤੀ ਫਿਜ਼ੀ ਡਰਿੰਕਸ ਸਨ। ਉਹ ਬਹੁਤ ਨਿਮਰ ਸੀ। ਉਸਨੂੰ ਪਸੰਦ ਸੀ ਕਿ ਲੋਕ ਉਸਨੂੰ ਟ੍ਰੈਕਲੀ-ਸਵੀਟਰ ਕਹਿਣ ਅਤੇ ਜਦੋਂ ਉਹ ਉਸਨੂੰ ਸਿਰਫ਼ ਸਵੀਟਰ ਕਹਿੰਦੇ ਸਨ ਤਾਂ ਉਹ ਬਹੁਤ ਦੁਖੀ ਹੋ ਜਾਂਦਾ ਸੀ।

ਇਨ੍ਹਾਂ ਤੋਂ ਇਲਾਵਾ ਸ਼ਾਟ ਨਾਮ ਦਾ ਇੱਕ ਸ਼ਿਕਾਰੀ ਵੀ ਸੀ। ਉਸਦੇ ਕੋਲ ਇੱਕ ਛੋਟਾ ਕੁੱਤਾ ਸੀ ਜਿਸਨੂੰ ਉਹ ਡੌਟ ਕਹਿੰਦੇ ਸਨ ਅਤੇ ਇੱਕ ਬੰਦੂਕ ਜੋ ਕੋਰਕ ਚਲਾਉਂਦੀ ਸੀ। ਬਲੌਬਸ ਨਾਮ ਦਾ ਇੱਕ ਕਲਾਕਾਰ ਅਤੇ ਟ੍ਰਿਲਸ ਨਾਮ ਦਾ ਇੱਕ ਸੰਗੀਤਕਾਰ ਵੀ ਸੀ। ਬਾਕੀਆਂ ਨੂੰ ਸਵਿਫਟੀ, ਕਰੰਪਸ, ਮਮਜ਼, ਰੋਲੀ-ਪੋਲੀ, ਸਕੈਟਰਬ੍ਰੇਨ, ਅਤੇ ਦੋ ਭਰਾ ਪਰੈਪਸ ਅਤੇ ਪ੍ਰੋਬ'ਲੀ, ਕਿਹਾ ਜਾਂਦਾ ਸੀ। ਪਰ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਮਸ਼ਹੂਰ ਡੁੰਨੋ ਨਾਮ ਦਾ ਇੱਕ ਮਾਈਟ ਹੀ ਸੀ।







ਉਸਨੂੰ ਡੂੰਨੋ ਕਿਹਾ ਜਾਂਦਾ ਸੀ ਕਿਉਂਕਿ ਉਹ ਸਭ ਕੁਝ ਨਹੀਂ ਪਤਾ ਸੀ - ਪਰ ਅਸਲ ਵਿੱਚ ਉਹ ਕੁਝ ਵੀ ਨਹੀਂ ਪਤਾ ਸੀ।

ਡੂੰਨੋ ਨੇ ਇੱਕ ਚਮਕਦਾਰ ਨੀਲੀ ਟੋਪੀ, ਚਮਕਦਾਰ ਪੀਲੀ ਪੈਂਟ, ਇੱਕ ਚਮਕਦਾਰ ਸੰਤਰੀ ਕਮੀਜ਼ ਅਤੇ ਇੱਕ ਚਮਕਦਾਰ ਹਰੇ ਰੰਗ ਦੀ ਟਾਈ ਪਹਿਨੀ ਹੋਈ ਸੀ। ਉਸਨੂੰ ਚਮਕਦਾਰ ਰੰਗਾਂ ਦਾ ਬਹੁਤ ਸ਼ੌਕ ਸੀ। ਉਹ ਚਮਕਦਾਰ ਕੱਪੜੇ ਪਹਿਨ ਕੇ ਸੱਜ ਧੱਜ ਕੇ ਤਿਆਰ ਹੋ ਜਾਂਦਾ ਸੀ ਅਤੇ ਗਲੀਆਂ ਵਿੱਚ ਘੁੰਮਦੇ ਫਿਰਦੇ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਬਣਾਉਂਦਾ ਫਿਰਦਾ ਸੀ ਅਤੇ ਹਰ ਉਸ ਵਿਅਕਤੀ ਨੂੰ ਸੁਣਾਉਂਦਾ ਸੀ ਜਿਸਨੂੰ ਉਹ ਮਿਲਦਾ ਸੀ। ਉਸਨੂੰ ਕੁੜੀ-ਮਾਈਟਾਂ ਨੂੰ ਛੇੜਨਾ ਬਹੁਤ ਪਸੰਦ ਸੀ। ਜਿਵੇਂ ਹੀ ਕੋਈ ਕੁੜੀ-ਮਾਈਟ ਉਸਦੀ ਸੰਤਰੀ ਕਮੀਜ਼ ਨੂੰ ਗਲੀ ਵਿੱਚ ਆਉਂਦੀ ਵੇਖ ਲੈਂਦੀ ਸੀ, ਉਹ ਪਿੱਛੇ ਮੁੜ ਕੇ ਆਪਣੇ ਘਰ ਭੱਜ ਜਾਂਦੀ ਸੀ।





ਡੂੰਨੋ ਦਾ ਇੱਕ ਗੰਕੀ ਨਾਮ ਦਾ ਦੋਸਤ ਸੀ ਜੋ ਡੇਜ਼ੀ ਲੇਨ ਵਿੱਚ ਰਹਿੰਦਾ ਸੀ। ਉਹ ਅਤੇ ਡੂੰਨੋ ਘੰਟਿਆਂ ਬੱਧੀ ਬੈਠ ਕੇ ਗੱਲਾਂ ਮਾਰਦੇ ਸਨ। ਉਹ ਦਿਨ ਵਿੱਚ ਵੀਹ ਵਾਰ ਝਗੜਾ ਕਰਦੇ ਸਨ, ਪਰ ਉਹ ਹਮੇਸ਼ਾ ਫੇਰ ਇੱਕੋ ਮਿੱਕੇ ਹੋ ਜਾਂਦੇ ਸਨ। ਇੱਕ ਦਿਨ ਡੂੰਨੋ ਨਾਲ ਕੁਝ ਅਜਿਹਾ ਵਾਪਰਿਆ ਜਿਸਨੇ ਉਸਨੂੰ ਸ਼ਹਿਰ ਦੀ ਚਰਚਾ ਵਿੱਚ ਲੈ ਆਂਦਾ। ਉਹ ਖੇਤਾਂ ਵਿੱਚ ਇਕੱਲੇ ਸੈਰ ਕਰਨ ਗਿਆ ਸੀ। ਅਚਾਨਕ ਇੱਕ ਕੁੱਕੜ-ਫੂਹੜ ਉੱਡਦਾ ਹੋਇਆ ਆਇਆ ਅਤੇ ਉਸਦੇ ਸਿਰ ਦੇ ਪਿਛਲੇ ਪਾਸੇ ਠੂੰਗਾ ਮਾਰਿਆ। ਡੂੰਨੋ ਹਵਾ ਵਿੱਚ ਇੱਕ ਕਲਾਬਾਜ਼ੀ ਖਾ ਕੇ ਜ਼ਮੀਨ 'ਤੇ ਡਿੱਗ ਪਿਆ। ਕੁੱਕੜ-ਫੂਹੜ ਉੱਡਦਾ ਰਿਹਾ ਅਤੇ ਜਲਦੀ ਹੀ ਨਜ਼ਰਾਂ ਤੋਂ ਓਹਲੇ ਹੋ ਗਿਆ। ਡੂੰਨੋ ਨੇ ਛਾਲ ਮਾਰ ਕੇ ਆਲੇ-ਦੁਆਲੇ ਦੇਖਿਆ ਕਿ ਉਸਨੂੰ ਕੀ ਹੋਇਆ ਸੀ, ਪਰ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ।

ਇਹ ਮੇਰੇ ਕੀ ਆਣ ਵੱਜਿਆ?" ਉਸਨੇ ਸੋਚਿਆ। "ਜ਼ਰੂਰ ਕੁਝ ਤਾਂ ਮੇਰੇ ਉੱਤੇ ਆਉਣ ਡਿੱਗਿਆ ਹੋਵੇਗਾ।"
ਉਸਨੇ ਵੀ ਹਵਾ ਵਿੱਚ ਦੇਖਿਆ - ਕੁੱਝ ਵੀ ਨਹੀਂ ਸਿਵਾਏ ਉਸ ਸੂਰਜ ਦੇ,
ਜੋ ਅਸਮਾਨ ਵਿੱਚ ਚਮਕ ਰਿਹਾ ਸੀ।
"ਫੇਰ ਇਹ ਜ਼ਰੂਰ ਸੂਰਜ ਹੀ ਹੋਣਾ ਚਾਹੀਦਾ ਹੈ," ਉਸਨੇ ਫੈਸਲਾ ਕੀਤਾ,
"ਇਸ ਦਾ ਕੋਈ ਟੁਕੜਾ ਟੁੱਟ ਕੇ ਮੇਰੇ ਸਿਰ 'ਤੇ ਡਿੱਗ ਪਿਆ ਹੋਵੇਗਾ।"
ਉਹ ਪਿੱਛੇ ਮੁੜਿਆ ਅਤੇ ਘਰ ਵੱਲ ਤੁਰ ਪਿਆ , ਅਤੇ ਰਸਤੇ ਵਿੱਚ ਉਸਨੂੰ
ਗਲਾਸ-ਆਈ ਨਾਮ ਦਾ ਇੱਕ ਦੋਸਤ ਮਿਲਿਆ।
ਗਲਾਸ-ਆਈ ਇੱਕ ਮਸ਼ਹੂਰ ਖਗੋਲ ਵਿਗਿਆਨੀ ਸੀ ।
ਉਹ ਟੁੱਟੀਆਂ ਹੋਈਆਂ ਬੋਤਲਾਂ ਦੇ ਟੁਕੜਿਆਂ ਤੋਂ
ਵੱਡਦਰਸ਼ੀ ਸ਼ੀਸ਼ੇ ਬਣਾਉਣਾ
ਜਾਣਦਾ ਸੀ । ਇਨ੍ਹਾਂ ਸ਼ੀਸ਼ਿਆਂ ਵਿੱਚੋਂ
ਦੇਖਣ 'ਤੇ ਸਭ ਕੁਝ ਵੱਡਾ ਵੱਡਾ
ਦਿਖਾਈ ਦਿੰਦਾ ਸੀ ।
ਉਨ੍ਹਾਂ ਵਿੱਚੋਂ ਕਈਆਂ ਨੂੰ ਇਕੱਠੇ ਕਰਕੇ
ਉਸਨੇ ਇੱਕ ਦੂਰਬੀਨ ਬਣਾਈ ਸੀ
ਜਿਸ ਨਾਲ ਉਸਨੇ
ਚੰਦਰਮਾ ਦਾ ਅਧਿਐਨ ਕੀਤਾ ਸੀ ਪਰ
ਉੱਥੇ ਤਾਰੇਆਂ ਤੋਂ ਇਲਾਵਾ ਕੁਝ ਵੀ ਨਹੀਂ ਸੀ।
"ਗਲਾਸ-ਆਈ," ਡੂੰਨੋ ਨੇ ਕਿਹਾ, "ਇੱਕ ਬਹੁਤ ਹੀ
ਅਜੀਬ ਗੱਲ ਵਾਪਰੀ ਹੈ।
ਸੂਰਜ ਦਾ ਇੱਕ ਟੁਕੜਾ ਟੁੱਟ ਕੇ ਡਿੱਗ ਪਿਆ
ਅਤੇ ਮੇਰੇ ਸਿਰ ' ਤੇ ਵੱਜਿਆ।"





ਇਹ ਤੁਸੀਂ ਕੀ ਆਖਦੇ ਹੋ?" ਗਲਾਸ-ਆਈ ਹੱਸ ਪਿਆ। "ਜੇ ਸੂਰਜ ਦਾ ਇੱਕ ਟੁਕੜਾ ਤੁਹਾਡੇ ਤੇ ਡਿੱਗਦਾ ; ਤਾਂ ਇਹ ਤੁਹਾਨੂੰ ਚਕਨਾਚੂਰ ਕਰ ਦਿੰਦਾ। ਸੂਰਜ ਬਹੁਤ ਵੱਡਾ ਹੈ। ਇਹ ਸਾਡੀ ਧਰਤੀ ਤੋਂ ਵੀ ਵੱਡਾ ਹੈ।"

"ਇਹ ਨਹੀਂ ਹੋ ਸਕਦਾ," ਡੂੰਨੋ ਨੇ ਕਿਹਾ। "ਸੂਰਜ ਤਾਂ ਕਿਸੇ ਤਸ਼ਤਰੀ ਤੋਂ ਵੱਡਾ ਨਹੀਂ ਹੈ।"

"ਇਹ ਅਜਿਹਾ ਸਿਰਫ਼ ਇਸ ਲਈ ਜਾਪਦਾ ਹੈ ਕਿਉਂਕਿ ਇਹ ਬਹੁਤ ਦੂਰ ਹੈ। ਸੂਰਜ ਅੱਗ ਦਾ ਇੱਕ ਵੱਡਾ ਗੋਲਾ ਹੈ। ਮੈਂ ਇਸਨੂੰ ਆਪਣੀ ਦੂਰਬੀਨ ਰਾਹੀਂ ਦੇਖਿਆ ਹੈ। ਜੇ ਇਸਦਾ ਥੋੜ੍ਹਾ ਜਿਹਾ ਹਿੱਸਾ ਵੀ ਟੁੱਟ ਜਾਵੇ ਤਾਂ ਇਹ ਸਾਡੇ ਪੂਰੇ ਸ਼ਹਿਰ ਨੂੰ ਤਬਾਹ ਕਰ ਦੇਵੇਗਾ।"

"ਜ਼ਰਾ ਵੇਖੋ ਤਾਂ!" ਡੂੰਨੋ ਨੇ ਕਿਹਾ,"ਮੈਨੂੰ ਕਦੇ ਵੀ ਨਹੀਂ ਸੀ ਪਤਾ ਕਿ ਸੂਰਜ ਇੰਨਾ ਵੱਡਾ ਹੈ। ਮੈਂ ਜਾ ਕੇ ਸਾਰਿਆਂ ਨੂੰ ਇਸ ਬਾਰੇ ਦੱਸਾਂਗਾ, ਹੋ ਸਕਦਾ ਹੈ ਕਿ ਉਨ੍ਹਾਂ ਨੇਇਹ ਕਦੇ ਨਾ ਸੁਣਿਆ ਹੋਵੇ। ਪਰ ਤੁਸੀਂ ਆਪਣੀ ਦੂਰਬੀਨ ਰਾਹੀਂ ਸੂਰਜ ਨੂੰ ਇੱਕ ਵਾਰ ਫਿਰ ਦੇਖੋ। ਹੋ ਸਕਦਾ ਹੈ ਕਿ ਖਬਰੇ, ਇਸਦਾ ਇੱਕ ਟੁਕੜਾ ਟੁੱਟ ਵੀ ਹੋਵੇ।"

ਡੂੰਨੋ ਦੁਬਾਰਾ ਘਰ ਲਈ ਨਿਕਲਿਆ, ਅਤੇ ਉਸਨੇ ਹਰ ਉਸ ਵਿਅਕਤੀ ਨੂੰ ਦੱਸਿਆ ,ਜਿਸਨੂੰ ਵੀ ਉਹ ਮਿਲਿਆ:



"ਕੀ ਤੁਸੀਂ ਸੂਰਜ ਬਾਰੇ ਸੁਣਿਆ ਹੈ? ਇਹ ਸਾਡੀ ਸਾਰੀ ਧਰਤੀ ਨਾਲੋਂ ਵੀ ਵੱਡਾ ਹੈ। ਹਾਂ, ਸੱਚੀ ਹੈ! ਅਤੇ ਇੱਕ ਭਿਆਨਕ ਘਟਨਾ ਵਾਪਰੀ ਹੈ: ਇਸਦਾ ਇੱਕ ਟੁਕੜਾ ਟੁੱਟ ਗਿਆ ਹੈ ਅਤੇ ਸਾਡੇ ਉੱਤੇ ਡਿੱਗ ਰਿਹਾ ਹੈ। ਇਹ ਕਿਸੇ ਵੀ ਪਲ ਵਿੱਚ ਧਰਤੀ ਨਾਲ਼ ਟਕਰਾ ਜਾਵੇਗਾ ਅਤੇ ਸਾਨੂੰ ਸਾਰਿਆਂ ਨੂੰ ਚੂਰ-ਚੂਰ ਕਰ ਦੇਵੇਗਾ। ਜੇਕਰ ਤੁਹਾਨੂੰ ਮੇਰੀ ਗੱਲ 'ਤੇ ਵਿਸ਼ਵਾਸ ਨਹੀਂ ਹੈ ਤਾਂ ਜਾਓ ਅਤੇ ਗਲਾਸ-ਆਈ ਨੂੰ ਪੁੱਛ ਲਵੋ।"

ਸਾਰੇ ਉਸਦਾ ਮਖੌਲ ਬਣਾ ਰਹੇ ਸਨ, ਕਿਉਂਕਿ ਉਹ ਜਾਣਦੇ ਸਨ ਕਿ ਉਹ ਹਮੇਸ਼ਾ ਕਹਾਣੀਆਂ ਘੜਦਾ ਰਹਿੰਦਾ ਸੀ। ਪਰ ਡੂੰਨੋ ਆਪਣੇ ਘਰ ਵੱਲ ਭੱਜਦੇ ਹੋਏ ਰੌਲਾ ਪਾਉਂਦਾ ਰਿਹਾ:

"ਸੱਭ ਆਪਣੇ ਆਪ ਨੂੰ ਬਚਾਓ! ਸੂਰਜ ਦਾ ਇੱਕ ਟੁਕੜਾ ਡਿੱਗ ਰਿਹਾ ਹੈ!"

"ਕਿਸ ਚੀਜ਼ ਦਾ ਟੁਕੜਾ?"

"ਸੂਰਜ ਦਾ! ਜਲਦੀ ਕਰੋ! ਇਹ ਕਿਸੇ ਵੀ ਪਲ਼ ਟਕਰਾ ਜਾਵੇਗਾ, ਅਤੇ ਇਸ ਨਾਲ਼ ਸਾਡਾ ਸੱਭਦਾ ਅੰਤ ਹੋ ਜਾਵੇਗਾ! ਤੁਸੀਂ ਸੂਰਜ ਬਾਰੇ ਨਹੀਂ ਜਾਣਦੇ! ਇਹ ਸਾਡੀ ਧਰਤੀ ਤੋਂ ਵੱਡਾ ਹੈ!"

"ਬਕਵਾਸ !"





"ਕੋਈ ਬਕਵਾਸ ਨਹੀਂ !!! ਗਲਾਸ-ਆਈ ਨੇ ਮੈਨੂੰ ਖੁੱਦ ਦੱਸਿਆ ਸੀ। ਉਸਨੇ ਇਸਨੂੰ ਆਪਣੀ ਦੂਰਬੀਨ ਰਾਹੀਂ ਦੇਖਿਆ!"

ਹਰ ਕੋਈ ਭੱਜ ਕੇ ਬਾਹਰ ਆ ਗਿਆ ਅਤੇ ਸੂਰਜ ਵੱਲ ਵੇਖਣ ਲੱਗ ਪਿਆ। ਉਹ ਇਸ ਵੱਲ ਉਦੋਂ ਤੱਕ ਵੇਖਦੇ ਰਹੇ ਜਦੋਂ ਤੱਕ ਉਨ੍ਹਾਂ ਦੀਆਂ ਅੱਖਾਂ ਵਿੱਚ ਪਾਣੀ ਆਉਣਾ ਸ਼ੁਰੂ ਨਹੀਂ ਹੋ ਗਿਆ। ਉਨ੍ਹਾਂ ਨੇ ਇਸ ਵੱਲ ਉਦੋਂ ਤੱਕ ਦੇਖਿਆ ਜਦੋਂ ਤੱਕ ਸੱਚਮੁੱਚ ਇਸ ਵਿੱਚੋਂ ਇੱਕ ਟੁਕੜਾ ਟੁੱਟਾ ਨਾ ਦਿਖਾਈ ਦੇਣ ਲੱਗ ਪਿਆ।

"ਆਪਣੇ ਆਪ ਨੂੰ ਬਚਾਓ !" ਡੂੰਨੋ ਚੀਕਿਆ। "ਜਿੰਨਾ ਹੋ ਸਕੇ ਆਪਣੇ ਆਪ ਨੂੰ ਬਚਾਓ !"

ਮਾਈਟਸ ਆਪਣੀ ਜਾਨ ਬਚਾਉਣ ਲਈ ਭੱਜੇ। ਬਲੌਬਸ ਨੇ ਆਪਣੇ ਪੇਂਟ ਅਤੇ ਬੁਰਸ਼ ਚੁੱਕ ਲਏ। ਟ੍ਰਿਲਸ ਨੇ ਉਸਦੀ ਫਿਡਲ, ਬੈਂਜੋ ਅਤੇ ਫ੍ਰੈਂਚ ਹਾਰਨ ਸੰਭਾਲੇ। ਡਾ. ਪਿਲਮੈਨ ਆਪਣਾ ਦਵਾਈਆਂ ਵਾਲਾ ਝੋਲਾ ਲੱਭਣ ਲਈ ਆਪਣੇ ਘਰ ਵੱਲ ਵਿੱਚ ਭੱਜਿਆ, ਜੋ ਕਿ ਗੁੰਮ ਹੋ ਗਿਆ ਸੀ। ਰੋਲੀ-ਪੋਲੀ ਨੇ ਆਪਣੇ ਗੈਲਸ ਅਤੇ ਛੱਤਰੀ ਸੰਭਾਲੀ ਅਤੇ ਗੇਟ ਵਿੱਚੋਂ ਭੁੜਕਦਾ ਬਾਹਰ ਭੱਜਿਆ ਜਦੋਂ ਉਸਨੇ ਡੂਨੋ ਨੂੰ ਪੁਕਾਰਦੇ ਸੁਣਿਆ :

" ਸੱਭ ਸ਼ਾਂਤ ਹੋ ਜਾਓ! ਤੁਹਾਨੂੰ ਕਿਸ ਗੱਲ ਦਾ ਡਰ ਹੈ? ਤੁਸੀਂ ਜਾਣਦੇ ਹੋ ਕਿ ਡੂੰਨੋ ਕਿੱਡਾ ਵੱਡਾ ਗਪੋੜੀ ਹੈ। ਇਹ ਵੀ ਉਸਦਾ ਖਿਆਲੀ ਪੁਲਾਓ ਹੈ।"

"ਖਿਆਲੀ ਪੁਲਾਓ !" ਡੂੰਨੋ ਚੀਕਿਆ। "ਜਾ ਕੇ ਗਲਾਸ-ਆਈ ਤੋਂ ਪੁੱਛ, ਮੈਂ ਤੈਨੂੰ ਆਖਦਾਂ।"





ਇਸ ਲਈ, ਉਹ ਸਾਰੇ ਗਲਾਸ-ਆਈ ਵੱਲ ਭੱਜੇ ਅਤੇ ਸਾਰੀ ਗੱਲ ਪਤਾ ਲੱਗੀ ਕਿ, ਇਹ ਵਾਕਈ ਸਿਰਫ਼ ਇੱਕ ਖਿਆਲੀ ਪੁਲਾਓ ਹੀ ਸੀ, ਜੋ ਡੂੰਨੋ ਨੇ ਬਣਾਇਆ ਸੀ। ਉਹ ਬਹੁਤ ਹੱਸ ਪਏ!

"ਅਸੀਂ ਇੰਨੀ ਮੂਰਖਤਾਪੂਰਨ ਗੱਲ 'ਤੇ ਕਿਵੇਂ ਵਿਸ਼ਵਾਸ ਕਰ ਸਕਦੇ ਸੀ?" ਉਨ੍ਹਾਂ ਨੇ ਕਿਹਾ।

"ਅੱਛਾ, ਸੱਚਮੁੱਚ?" ਡੂੰਨੋ ਨੇ ਕਿਹਾ। "ਕਿਉਂ, ਮੈਂ ਖੁਦ ਵੀ ਤਾਂ ਇਸ 'ਤੇ ਵਿਸ਼ਵਾਸ ਕੀਤਾ!"

ਡੂੰਨੋ ਇਸੇ ਤਰ੍ਹਾਂ ਦਾ ਮਜ਼ਾਕੀਆ ਬੰਦਾ ਸੀ !





Н $\frac{70801-131}{031(01)-83}$ 58 – 83

4800010102

